ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

(ਓਪਨ ਸਕੂਲ)

ਵੱਲ

ਪ੍ਰਿੰਸੀਪਲ/ਸਕੂਲ ਮੁੱਖੀ,

ਓਪਨ ਸਕੂਲ ਅਧਿਐਨ ਕੇਂਦਰ

ਪੰਜਾਬ।

ਨੰਬਰ(322944)-ਪਸਸਬ-ਓ.ਸ-2026.........137.......................ਮਿਤੀ...22-09-2026

ਵਿਸ਼ਾ- ਸੇਵਾਫਲ ਦੀ ਅਦਾਇਗੀ ਸਬੰਧੀ ਰਿਕਾਰਡ ਜਮਾਂ ਕਰਵਾਉਣ ਬਾਰੇ ।

ਉਪਰੋਕਤ ਵਿਸ਼ੇ ਸਬੰਧੀ ਓਪਨ ਸਕੂਲ ਦਸਵੀਂ/ਬਾਰ੍ਹਵੀਂ ਸ਼੍ਰੇਣੀ ਜੁਲਾਈ/ਅਗਸਤ 2026 ਬਲਾਕ-2 ਦੇ ਸੇਵਾਫਲ ਦੀ ਅਦਾਇਗੀ ਲਈ ਬਿੱਲ ਓਪਨ ਸਕੂਲ ਦੀ ਅਗਵਾਈ ਪੁਸਤਕ ਦੇ ਪੰਨਾ ਨੰਬਰ 13 ਦੇ ਲੜੀ ਨੰਬਰ 8 ਅਨੁਸਾਰ ਦਸਤਾਵੇਜ਼ ਮਿਤੀ 31-08-2026 ਤੱਕ ਮੁੱਖ ਦਫਤਰ ਓਪਨ ਸਕੂਲ ਸ਼ਾਖਾ ਵਿੱਚ ਜਮਾ ਕਰਵਾਏ ਜਾਣੇ ਸਨ ਪਰੰਤੂ ਅਧਿਐਨ ਕੇਂਦਰਾਂ ਵੱਲੋਂ ਸੇਵਾਫਲ ਦੇ ਬਿੱਲ ਨਿਰਧਾਰਿਤ ਮਿਤੀ ਤੋਂ ਬਾਅਦ ਵੀ ਜਮਾਂ ਕਰਵਾਏ ਜਾ ਰਹੇ ਹਨ।

ਇਸ ਲਈ ਸਮੂਹ ਅਧਿਐਨ ਕੇਂਦਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਓਪਨ ਸਕੂਲ ਦਸਵੀਂ/ਬਾਰ੍ਹਵੀਂ 2026 ਬਲਾਕ-2 ਲਈ ਮਿਤੀ 30-09-2026 ਤੱਕ ਸੇਵਾਫਲ ਦੀ ਅਦਾਇਗੀ ਪ੍ਰਾਪਤ ਕਰਨ ਸਬੰਧੀ ਹੇਠ ਅਨੁਸਾਰ ਵੇਰਵੇ ਦਰਜ ਕਰਨ ਉਪਰੰਤ ਸਮੇਤ ਲੋੜੀਂਦਾ ਰਿਕਾਰਡ ਮੁੱਖ ਦਫਤਰ ਵਿਖੇ ਜਮਾਂ ਕਰਵਾਇਆ ਜਾਵੇ

1. ਅਧਿਐਨ ਕੇਂਦਰ ਦਾ ਨਾਂ, ਪਤਾ ਅਤੇ ਫੋਨ ਨੰਬਰ ..........................................................
2. ਬੈਂਕ ਦਾ ਨਾਂ ਅਤੇ ਪੂਰਾ ਪਤਾ ..........................................................
3. ਖਾਤਾ ਧਾਰਕ ਦਾ ਨਾਂ ..........................................................
4. ਬੈਂਕ ਖਾਤਾ ਨੰਬਰ ..........................................................
5. ਬੈਂਕ ਦਾ IFSC Code ..........................................................

ਅਧਿਐਨ ਕੇਂਦਰ ਮੁੱਖੀ/ਖਾਤਾ ਧਾਰਕ ਦੇ ਹਸਤਾਖਰ
(ਮੋਹਰ ਸਮੇਤ)

ਬੈਂਕ ਅਧਿਕਾਰੀ ਦੇ ਹਸਤਾਖਰ
(ਮੋਹਰ ਸਮੇਤ)

ਨਿਰਧਾਰਤ ਮਿਤੀ 30-09-2026 ਤੱਕ ਸੇਵਾਫਲ ਸਬੰਧੀ ਰਿਕਾਰਡ ਨਾ ਪ੍ਰਾਪਤ ਹੋਣ ਦੀ ਸੂਰਤ ਵਿੱਚ ਸੇਵਾਫਲ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ, ਜਿਸ ਦੀ ਨਿਰੋਲ ਜ਼ਿਮੇਵਾਰੀ ਸਬੰਧਤ ਅਧਿਐਨ ਕੇਂਦਰ ਦੀ ਆਪਣੀ ਹੋਵੇਗੀ।

ਸੁਪਰਡੰਟ (ਓਪਨ ਸਕੂਲ)

ਵਾ : ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

Scanned with CamScanner